# ਆਸਤਿਕ-ਨਾਸਤਿਕ:ਗੁਰਮਤਿ ਦ੍ਰਿਸ਼ਟੀਕੋਣ

*ਗਿ. ਧਰਮ ਸਿੰਘ**

ਗੁਰਮਤਿ ਤੋਂ ਬਿਨਾਂ ਕਿਸੇ ਵੀ ਦੂਸਰੀ ਮੱਤ ਦੁਆਰਾ ਸੱਚ ਤਕ ਪਹੁੰਚਣ ਦੀ ਸਮਰੱਥਾ ਨਹੀਂ ਹੈ। ਇਸੇ ਲਈ ਗੁਰਮਤਿ ਨੇ ਇਨ੍ਹਾਂ ਮੱਤਾਂ ਨੂੰ ਮਨਮੱਤਾਂ ਆਖ ਕੇ ਇਨ੍ਹਾਂ ਨੂੰ ਜਮ-ਜਾਲ ਵਿਚ ਫਸਾਈ ਰੱਖਣ ਵਾਲੀਆਂ ਹੀ ਮੰਨਿਆ ਹੈ ਜਦ ਕਿ ਇਨ੍ਹਾਂ ਮੱਤਾਂ ਵਾਲਿਆਂ ਨੇ ਸੱਚ ਦੇ ਖੋਜੀਆਂ ਤਕ ਨੂੰ ਭੀ ਨਾਸਤਿਕ (ਕੁਰਾਹੀਏ) ਆਖ ਦਿੱਤਾ। ਮਨਮੱਤਾਂ ਦੇ ਪ੍ਰਚਾਰਕਾਂ ਨੇ ਆਪਣੀ ਮੱਤ ਨਾਲ ਸਹਿਮਤੀ ਰੱਖਣ ਵਾਲਿਆਂ ਨੂੰ ਆਸਤਿਕ ਅਤੇ ਅਸਹਿਮਤੀ ਪ੍ਰਗਟਾਉਣ ਵਾਲਿਆਂ ਨੂੰ ਨਾਸਤਿਕ ਦੀ ਸੰਗਿਆ ਦੇ ਦਿੱਤੀ।

ਆਸਤਿਕ ਅਤੇ ਨਾਸਤਿਕ, ਬ੍ਰਾਹਮਣੀ ਮੱਤ ਅਨੁਸਾਰ ਆਪਾ-ਵਿਰੋਧੀ ਅਰਥ ਰੱਖਦੇ ਹਨ। ਬ੍ਰਾਹਮਣ ਦੀ ਵਿਚਾਰਧਾਰਾ ਨਾਲ ਅਸਹਿਮਤੀ ਪ੍ਰਗਟਾਉਣ ਵਾਲੇ ਜਾਂ ਸ਼ਾਸਤਰਾਂ ਵਿਚਲੇ ਝੂਠ ਨੂੰ ਤਰਕਾਂ ਰਾਹੀਂ ਝੁਠਲਾਉਣ ਵਾਲੇ ਨੂੰ ਬ੍ਰਾਹਮਣਾਂ ਨੇ ਨਾਸਤਿਕ ਪ੍ਰਚਾਰਿਆ ਹੈ। ਪਰ ਗੁਰਮਤਿ, ਜਿਹੜੀ ਕਿ ਸੱਚ ਦੀ ਜਾਣਕਾਰੀ ਕਰਾਉਣ ਵਿਚ ਸਮਰੱਥ ਹੈ, ਇਨ੍ਹਾਂ ਦੋਹਾਂ ਲਫਜ਼ਾਂ ਆਸਤਿਕ ਅਤੇ ਨਾਸਤਿਕ ਨੂੰ ਇਕੋ ਜਿਹੇ ਅਰਥਾਂ ਵਿਚ ਹੀ ਰੱਖਦੀ ਹੈ। ਕਿਉਂਕਿ ਸੱਚ ਨਾਲ ਇਨ੍ਹਾਂ ਦੋਵਾਂ ਦਾ ਹੀ ਕੋਈ ਸਰੋਕਾਰ ਨਹੀਂ ਹੈ। ਇਸ ਲਈ ਗੁਰਮਤਿ ਨੇ ਇਨ੍ਹਾਂ ਦੋਵਾਂ ਸ਼ਬਦਾਂ ਵਿਚਲੀ ਭਾਵਨਾ ਨੂੰ ਦਰਸਾਉਣ ਲਈ ਦੋ ਨਵੇਂ ਲਫਜ਼ ਗੁਰਮੁਖ ਅਤੇ ਮਨਮੁਖ ਘੜ ਲਏ, ਇਨ੍ਹਾਂ ਗੁਰਮੁਖ (ਗੁਰੂ) ਪ੍ਰਮੇਸ਼ਰ ਨਾਲ ਜੁੜਿਆਂ ਹੋਇਆਂ ਨੂੰ ਮੰਨਿਆ ਅਤੇ ਮਨਮੁਖ ਲਫਜ਼ ਉਨ੍ਹਾਂ ਦੋਹਾਂ ਲਈ ਵਰਤਿਆ ਜਿਨ੍ਹਾਂ ਲਈ ਬ੍ਰਾਹਮਣ ਨੇ ਆਸਤਿਕ ਅਤੇ ਨਾਸਤਿਕ ਵਰਤਿਆ ਸੀ। ਮਨਮੁਖ ਆਪਣੇ ਅੰਦਰੋਂ ਉਠੇ ਫੁਰਨਿਆਂ ਅਨੁਸਾਰ ਜੀਵਨ ਬਤੀਤ ਕਰਦਾ ਹੈ, ਪਰ ਗੁਰਮੁਖ ਸਤਿਗੁਰ ਦੇ ਭਾਣੇ ਅੰਦਰ ਜੀਉਂਦਾ ਹੈ।

ਗੁਰਮਤਿ ਅਨੁਸਾਰ ਸਤਿਗੁਰ ਸਭ ਦੇ ਅੰਦਰ ਹੈ ਉਸ ਤੋਂ ਖਾਲੀ ਕੋਈ ਨਹੀਂ ਹੈ। ਪਰ ਪਹਿਲੀ ਅਵਸਥਾ ਵਿਚ ਅਸੀਂ ਸ਼ਬਦ-ਗੁਰੂ (ਗੁਰਬਾਣੀ) ਦੇ ਅੰਦਰ ਰਹਿ ਕੇ ਹੀ ਅਗਲੀ ਸੋਝੀ ਪ੍ਰਾਪਤ ਕਰਨੀ ਹੁੰਦੀ ਹੈ। ਇਸ ਲਈ ਸ਼ੁਰੂ ਵਿਚ ਗੁਰਬਾਣੀ ਹੀ ਸਾਡੇ ਲਈ ਪ੍ਰਮੇਸ਼ਰ ਦਾ ਹੁਕਮ ਹੈ। ਇਸੇ ਅਨੁਸਾਰ ਜੀਵਨ ਬਤੀਤ ਕਰਕੇ ਅਸੀਂ ਅੰਦਰਲੇ ਨਿਰਾਕਾਰੀ ਸ਼ਬਦ-ਗੁਰੂ ਨਾਲ ਇਕਮਿਕ ਹੋ ਸਕਦੇ ਹਾਂ।

ਗੁਰਬਾਣੀ ਅੰਦਰ ਗੁਰਮੁਖ ਅਤੇ ਮਨਮੁਖ ਦਾ ਜ਼ਿਕਰ ਥਾਂ-ਥਾਂ ਆਉਂਦਾ ਹੈ। ਆਸਤਿਕ ਅਤੇ ਨਾਸਤਿਕ ਦਾ ਜ਼ਿਕਰ ਜੇ ਕਿਤੇ ਆਇਆ ਵੀ ਹੈ, ਤਾਂ ਉਥੇ ਇਨ੍ਹਾਂ ਦੋਵਾਂ ਨੂੰ ਸਮ-ਅਰਥੀ ਰੂਪ ਦੇਣ ਵਾਸਤੇ ਹੀ ਆਇਆ ਹੈ, ਜਿਵੇਂ :

*ਆਸਤਿ ਨਾਸਤਿ ਏਕੋ ਨਾਉ॥*

*(ਪੰਨਾ ੯੫੩)*

ਆਸਤਿਕ ਤੋਂ ਉਨ੍ਹਾਂ ਮੱਤਾਂ ਵਾਲਿਆਂ ਦਾ ਭਾਵ ਸੀ ਕਿ ਸਾਡੀ ਮੱਤ ਉਪਰ ਅੰਨ੍ਹੀ ਸ਼ਰਧਾ ਰੱਖਣ ਵਾਲਾ। ਜਿਸ ਮੱਤ ਨੇ ਆਪਣੇ ਅੰਦਰ ਮੰਨਣ ਵਾਲਿਆਂ ਨੂੰ ਅਤਿ ਦਰਜੇ ਦੇ ਲੋਭੀ

**੯੩੨/੨, ਗੁਰੂ ਨਾਨਕ ਸਟਰੀਟ, ਸਮਰਾਲਾ ਰੋਡ, ਖੰਨਾ (ਲੁਧਿਆਣਾ)-੧੪੧੪੦੧*

ਬਣਾਇਆ ਹੋਵੇ ਅਤੇ ਇਸ ਮੱਤ ਦੇ ਧਾਰਨੀ ਹੋਣਾ ਸਵਾਰਥ ਸਿਧੀ ਹੀ ਉਨ੍ਹਾਂ ਦਾ ਨਿਸ਼ਾਨਾ ਹੋਵੇ ਐਸੇ ਆਸਤਿਕਾਂ ਨੂੰ ਨਾਸ਼ਵੰਤ (ਨਾਸਤੀ) ਨਾ ਕਿਹਾ ਜਾਂਦਾ ਤਾਂ ਹੋਰ ਕੀ ਮੰਨਿਆ ਜਾਂਦਾ? ਇਸੇ ਲਈ ਨਾਸਤੀ ਅਤੇ ਆਸਤੀ ਸਮ-ਅਰਥੀ ਹਨ।

ਗੁਰਬਾਣੀ, ਗੁਰਮੁਖੀ ਭਾਸ਼ਾ ਸੰਸਾਰੀ ਭਾਸ਼ਾ ਨਾਲੋਂ ਵੱਖਰੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਏ ਬਹੁਤ ਸਾਰੇ ਸ਼ਬਦਾਂ (ਲਫ਼ਜ਼ਾਂ) ਦੇ ਅਰਥ ਸੰਸਾਰ ਦੀਆਂ ਹੋਰਾਂ ਮੱਤਾਂ ਵਿਚ ਆਏ, ਉਨ੍ਹਾਂ ਹੀ ਲਫ਼ਜ਼ਾਂ ਦੇ ਅਰਥ ਕਈ ਵਾਰ ਭਿੰਨ ਹਨ ਅਤੇ ਉਨ੍ਹਾਂ ਲਫ਼ਜ਼ਾਂ ਦੇ ਵੱਖਰੇ ਅਰਥ ਗੁਰਬਾਣੀ ਅੰਦਰ ਹੀ ਮੌਜੂਦ ਹਨ। ਹਿੰਦੂ ਮੱਤ ਦੇ ਕਾਫ਼ੀ ਸ਼ਬਦਾਂ ਨੂੰ ਗੁਰਮਤਿ ਨੇ ਨਵੇਂ ਅਰਥ ਦਿੱਤੇ ਹਨ ਜਿਵੇਂ ਕਿ ਸਵਰਗ, ਪੁੰਨ-ਪਾਪ, ਜੰਮਣ-ਮਰਨ, ਬ੍ਰਹਮ, ਚਾਰੇ ਜੁਗ ਤੇ ਚਾਰਿ ਪਦਾਰਥ ਆਦਿਕ। ਪਰ ਇਥੇ ਅਸੀਂ ਕੇਵਲ ਇਕੋ ਉਦਾਹਰਣ ਹੀ ਦਿੰਦੇ ਹਾਂ ਜਿਵੇਂ: ਸਵਰਗ ਹਿੰਦੂ ਮੱਤ ਅੰਦਰ ਕਿਤੇ ਬਾਹਰ ਆਕਾਸ਼ਾਂ ਵਿਚ ਕਲਪਿਤ ਕੀਤਾ ਹੋਇਆ ਹੈ; ਜੇ ਸਵਰਗ ਦੇ ਅੱਖਰੀ ਅਰਥ ਕਰੀਏ ਤਾਂ ਇਸ ਦੇ ਅਰਥ ਬਣਦੇ ਹਨ : "ਸਵੈ+ਘਰ=ਆਪਣਾ ਘਰ।" ਗੁਰਮਤਿ ਨੇ ਸੁਰਗ ਲਫ਼ਜ਼ ਦੀ ਥਾਂ ਨਵਾਂ ਸ਼ਬਦ 'ਨਿਜ ਘਰ' ਵਰਤਿਆ ਹੈ ਤਾਂ ਕਿ ਭੁਲੇਖਾ ਪਾਊ ਸ਼ਕਤੀਆਂ ਤੋਂ ਬਚਿਆ ਜਾ ਸਕੇ ਕਿਉਂਕਿ ਗੁਰਮਤਿ ਅਨੁਸਾਰ ਖੋਜ ਅੰਤਰਮੁਖੀ ਹੋਣ ਕਰਕੇ ਨਿਜ-ਘਰਿ (ਹਿਰਦਾ) ਆਪਣੇ ਅੰਦਰ ਹੀ ਹੈ, ਜਦ ਕਿ ਸਵਰਗ ਨੂੰ ਲੋਕ ਕਿਤੇ ਆਕਾਸ਼ਾਂ ਵਿਚ ਮੰਨੀ ਬੈਠੇ ਹਨ। ਗੁਰਬਾਣੀ ਵਿਚ ਪ੍ਰਮਾਣ ਹੈ :

*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥* *(ਪੰਨਾ ੧੨੯੧)*
*—ਸਭ ਕਿਛੁ ਘਰ ਮਹਿ ਬਾਹਰਿ ਨਾਹੀ॥*
*ਬਾਹਰਿ ਟੋਲੈ ਸੋ ਭਰਮਿ ਭੁਲਾਹੀ॥*
*ਗੁਰ ਪਰਸਾਦੀ ਜਿਨੀ ਅੰਤਰਿ ਪਾਇਆ*
*ਸੋ ਅੰਤਰਿ ਬਾਹਰਿ ਸੁਹੇਲਾ ਜੀਉ॥* *(ਪੰਨਾ ੧੦੨)*

■

## ਨਾਸਤਿਕਾਂ ਦਾ ਸਰਦਾਰ ਕੌਣ?

ਜੋ ਸਰਵ-ਵਿਆਪੀ ਕਰਤਾਰ ਦੀ ਹੋਂਦ ਅਤੇ ਕਰਮ ਫਲ ਦਾ ਵਿਸ਼ਵਾਸੀ ਨਹੀਂ, ਉਹ ਨਾਸਤਿਕ ਹੈ, ਪਰ ਸਭ ਨਾਸਤਿਕਾਂ ਦਾ ਸਰਦਾਰ ਉਹ ਹੈ, ਜੋ ਆਪਣੇ ਤਾਈਂ ਆਸਤਿਕ ਪ੍ਰਗਟ ਕਰਦਾ ਹੋਇਆ ਪੂਰਾ ਨਾਸਤਿਕ ਹੈ, ਜਿਵੇਂ... ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਵਿਚ ਚੋਰੀ, ਜਾਰੀ, ਨਿੰਦਾ, ਗਾਲੀ ਆਦਿ ਪਾਪ ਕਰਮਾਂ ਨੂੰ ਨਹੀਂ ਤਿਆਗਦਾ *'ਏਕੁ ਪਿਤਾ ਏਕਸ ਕੇ ਹਮ ਬਾਰਿਕ'* ਤੁਕ ਦਾ ਪਾਠ ਕਰਕੇ ਨੀਚ ਨੀਚ ਆਖ ਕੇ ਲੋਕਾਂ ਨੂੰ ਧੱਕੇ ਮਾਰਦਾ ਹੈ, *'ਸਭੁ ਕੋ ਮੀਤੁ ਹਮ ਆਪਨ ਕੀਨਾ'* ਪਾਠ ਪੜ੍ਹਦਾ ਹੋਇਆ ਧੜੇ-ਬੰਦੀਆਂ ਰਚ ਕੇ ਫੁੱਟ ਦਾ ਬੀਜ-ਬੀਜਦਾ ਹੈ ਭਾਵ ਇਹ ਹੈ ਕਿ ਜਿਸ ਦੀ ਆਪਣੇ ਧਰਮ ਦੇ ਉਪਦੇਸ਼ਾਂ ਤੇ ਸ਼ਰਧਾ ਨਹੀਂ, ਜੋ ਮੁੱਖੋਂ ਪੜ੍ਹਦਾ ਹੈ, ਉਸਦੇ ਉਲਟ ਅਮਲ ਕਰਦਾ ਹੈ, ਉਹ ਨਾਸਤਿਕ ਹੈ।

ਭਾਈ ਕਾਨ੍ਹ ਸਿੰਘ ਨਾਭਾ, *ਗੁਰਮਤਿ ਮਾਰਤੰਡ*